ਮਿਤੀ 27.01.2022

# ਪ੍ਰੈਸ ਨੋਟ

## ਜਿਲਾ ਫਿਰੋਜਪੁਰ ਪੁਲਿਸ ਵੱਲੋ ਸਮੱਗਲਿੰਗ ਗਰੋਹ ਦੇ 03 ਮੈਂਬਰਾਂ ਪਾਸੋਂ 05 ਕਿੱਲੋ ਹੈਰੋਇਨ ਬਰਾਮਦ ਕੀਤੀ ਅਤੇ ਸਮੱਗਲਿੰਗ ਗਿਰੋਹ ਦਾ ਕੀਤਾ ਪਰਦਾ ਫਾਸ਼

ਡਾ. ਨਰਿੰਦਰ ਭਾਰਗਵ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਫਿਰੋਜਪੁਰ ਜੀ ਅਤੇ ਸ੍ਰੀ ਗਿਰੀਸ਼ ਦਿਆਲਨ, ਆਈ.ਏ.ਐਸ, ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵੱਲੋ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਗਿਆ ਕਿ ਮਾਨਯੋਗ ਇਲੈਕਸ਼ਨ ਕਮਿਸ਼ਨ ਭਾਰਤ ਸਰਕਾਰ, ਮੁੱਖ ਚੋਣ ਅਫਸਰ ਪੰਜਾਬ ਅਤੇ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਜੀ ਵੱਲੋ ਇਲੈਕਸ਼ਨ ਦੌਰਾਨ ਜ਼ਾਰੀ ਕੀਤੀਆ ਗਈਆ ਹਦਾਇਤਾਂ ਅਨੁਸਾਰ ਮਾੜੇ ਅਨਸਰਾ ਵਿਰੁੱਧ ਚਲਾਈ ਗਈ ਸਪੈਸ਼ਲ ਮੁਹਿੰਮ ਤਹਿਤ ਮਿਤੀ 25-01-2022 ਨੂੰ ਫਿਰੋਜਪੁਰ ਦੀ ਪੁਲਿਸ ਨੂੰ ਇਤਲਾਹ ਮਿਲੀ ਸੀ, ਕਿ ਬਲਵਿੰਦਰ ਸਿੰਘ ਉਰਫ ਵਿੰਦੀ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਸੱਦੂ ਸ਼ਾਹ ਵਾਲਾ, ਟੇਕ ਚੰਦ ਪੁੱਤਰ ਗੁਲਜਾਰ, ਵਿਕਰਮ ਪੁੱਤਰ ਟੇਕ ਚੰਦ ਅਤੇ ਅਰੁਨ ਭੱਟੀ ਪੁਤਰ ਮੰਗਲ ਸਿੰਘ ਵਾਸੀਆਨ ਪਿੰਡ ਬਾਰੇ ਕੇ ਸਾਰੇ ਰਲ ਕੇ ਪਾਕਿਸਤਾਨੀ ਸਮੱਗਲਰਾ ਤੋ ਅਸਲਾ, ਜਾਅਲੀ ਕਰੰਸੀ ਅਤੇ ਹੈਰੋਇਨ ਇੱਧਰ ਮੰਗਵਾਉਦੇ ਹਨ ਅਤੇ ਚੋਰੀ ਦੇ ਵਹੀਕਲਾ ਪਰ ਜਾਅਲੀ ਨੰਬਰ ਲਗਾ ਕੇ ਇੱਧਰ ਨਸ਼ੇ ਦੀ ਸਮੱਗਲਿੰਗ ਕਰਦੇ ਹਨ ਜਿਸ ਤੇ ਉਕਤਾਨ ਦੋਸ਼ੀਆਨ ਖਿਲਾਫ ਥਾਣਾ ਸਦਰ ਫਿਰੋਜਪੁਰ ਵਿਖੇ ਮੁਕੱਦਮਾ ਨੰਬਰ 18 ਮਿਤੀ 25-01-2022 ਅ/ਧ 379,411,420,473,489A, 489B, 489C IPC, 21/23 ਐਨ.ਡੀ.ਪੀ.ਐਸ ਐਕਟ, 25 ਅਸਲਾ ਐਕਟ ਦਰਜ ਰਜਿਸਟਰ ਕਰਵਾਇਆ ਗਿਆ ਅਤੇ ਲਿੰਕ ਰੋਡ ਸੂਆ ਪੁਲ ਪਿੰਡ ਬਾਰੇ ਕੇ ਨਾਕਾਬੰਦੀ ਕਰਕੇ ਮੋਕਾ ਪਰ ਦੋਸ਼ੀ ਵਿਕਰਮ ਪੁੱਤਰ ਟੇਕ ਚੰਦ ਅਤੇ ਅਰੁਨ ਭੱਟੀ ਪੁਤਰ ਮੰਗਲ ਸਿੰਘ ਵਾਸੀਆਨ ਪਿੰਡ ਬਾਰੇ ਕੇ ਨੂੰ ਕਾਬੂ ਕਰਕੇ ਇਹਨਾ ਪਾਸੋ **80 ਹਜਾਰ ਰੁਪਏ ਜਾਅਲੀ ਕਰੰਸੀ ਨੋਟ, 01 ਪਿਸਟਲ 30 ਬੋਰ (MADE IND CHINA) ਸਮੇਤ 25 ਜਿੰਦਾ ਰੋਂਦ, 05 ਮੋਬਾਇਲ, 01 ਡੋਂਗਲ, 01 ਕਾਰ ਅਤੇ 03 ਚੋਰੀ ਦੇ ਮੋਟਰਸਾਈਕਲ** ਬ੍ਰਾਮਦ ਕੀਤੇ ਗਏ ਸਨ ਅਤੇ ਦੋਸ਼ੀ ਬਲਵਿੰਦਰ ਸਿੰਘ ਉਰਫ ਵਿੰਦੀ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਸੱਦੂ ਸ਼ਾਹ ਵਾਲਾ, ਟੇਕ ਚੰਦ ਪੁੱਤਰ ਗੁਲਜਾਰ ਵਾਸੀ ਪਿੰਡ ਬਾਰੇ ਕੇ ਭੱਜਣ ਵਿੱਚ ਕਾਮਯਾਬ ਹੋ ਗਏ ਸੀ। ਜਿਹਨਾਂ ਨੇ ਮੁਢਲੀ ਪੁਛਗਿੱਛ ਦੌਰਾਨ ਦੱਸਿਆ ਕਿ ਹੈਰੋਇੰਨ ਦੀ ਖੇਪ ਆਈ ਹੈ। ਕਾਬੂ ਕੀਤੇ ਦੋਸ਼ੀਆਨ ਵਿਕਰਮ ਅਤੇ ਅਰੁਨ ਭੱਟੀ ਉਕਤਾਨ ਨੂੰ ਮਿਤੀ 26-01-2022 ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 05 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ।

ਦੋਰਾਨੇ ਪੁਲਿਸ ਰਿਮਾਡ ਅੱਜ਼ ਸਵੇਰੇ ਇੰਸਪੈਕਟਰ ਜਗਦੀਸ਼ ਕੁਮਾਰ ਇੰਚਾਰਜ ਸੀ.ਆਈ.ਏ ਸਟਾਫ ਫਿਰੋਜਪੁਰ ਵਲੋ ਦੋਸ਼ੀਆਨ ਵਿਕਰਮ ਅਤੇ ਅਰੁਨ ਭੱਟੀ ਉਕਤਾਨ ਦੀ ਪੁੱਛਗਿੱਛ ਕੀਤੀ ਗਈ ਜਿਨਾ ਨੇ ਇੰਕਸਾਫ ਕੀਤਾ ਕਿ ਉਹਨਾ ਵਲੋ ਪਿਛਲੇ ਸਮੇਂ ਦੌਰਾਨ ਵੱਖ-ਵੱਖ ਮਿਤੀਆ ਨੂੰ ਪਾਕਿਸਤਾਨ ਬਾਰਡਰ ਤੋ ਹੈਰੋਇਨ ਦੇ ਪੈਕਟ ਕਰਾਸ ਕਰਾਏ ਗਏ ਸੀ, ਜਿਸ ਵਿੱਚੋਂ ਕੁੱਝ ਪੈਕਟ ਉਹਨਾ ਨੇ ਆਪਣੇ ਆਪਣੇ ਘਰਾ ਵਿੱਚ ਲੁਕਾ ਛੁਪਾ ਕੇ ਰੱਖੇ ਹੋਏ ਹਨ, ਜਿਨਾ ਬਾਰੇ ਉਹਨਾ ਨੂੰ ਹੀ ਪਤਾ ਹੈ। ਇਸ ਸਮੇ ਦੋਰਾਨ ਹੀ ਫਿਰੋਜਪੁਰ ਪੁਲਿਸ ਨੂੰ ਮੁਖਬਰੀ ਮਿਲੀ ਕਿ ਮਿਤੀ 25-01-2022 ਨੂੰ ਭੱਜਣ ਵਾਲੇ ਦੋਸ਼ੀਆਨ ਵਿੱਚੋਂ ਇੱਕ ਦੋਸ਼ੀ ਬਲਵਿੰਦਰ ਸਿੰਘ ਉਕਤ ਅੱਜ ਹੈਰੋਇਨ ਦੀ ਡਿਲਵਰੀ ਕਰਨ ਲਈ ਰੇਲਵੇ ਸਟੇਸ਼ਨ, ਫਿਰੋਜ਼ਪੁਰ ਨੂੰ ਜਾ ਰਿਹਾ ਹੈ। ਜਿਸ ਤੇ ਤੁਰੰਤ ਕਾਰਵਾਈ ਕਰਦਿਆ ਇੰਸ: ਜਗਦੀਸ਼ ਕੁਮਾਰ ਵੱਲੋਂ ਪਹਿਲਾਂ ਮੁਖਬਰੀ ਦੇ ਅਧਾਰ ਪਰ **ਰੇਲਵੇ ਰੋਡ ਨੇੜੇ ਅਮਰ ਹਸਤਪਾਲ** ਪਾਸ ਦੋਸ਼ੀ ਬਲਵਿੰਦਰ ਸਿੰਘ ਉਕਤ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਦੋਸ਼ੀ ਬਲਵਿੰਦਰ ਸਿੰਘ ਉਕਤ ਦੀ ਵੀ ਮਜੀਦ ਪੁੱਛਗਿੱਛ ਕੀਤੀ ਗਈ ਅਤੇ ਜਿਸਨੇ ਦੋਰਾਨੇ ਮੁਢਲੀ ਪੁੱਛਗਿੱਛ ਇੰਕਸਾਫ ਕੀਤਾ ਕਿ ਉਸ ਵਲੋ ਹੈਰੋਇਨ ਦਾ ਪੈਕਟ ਲੁਕਾ ਛੁਪਾ ਕੇ ਰੱਖਿਆ ਹੋਇਆ ਹੈ, ਜਿਨਾ ਬਾਰੇ ਉਸ ਨੂੰ ਹੀ ਪਤਾ ਹੈ।

ਪੁਲਿਸ ਪਾਰਟੀ ਵੱਲੋ ਕੰਟਰੋਲ ਰੂਮ ਰਾਹੀ ਸ੍ਰੀ ਜਗਦੀਸ਼ ਕੁਮਾਰ, ਡੀ.ਐਸ.ਪੀ (ਡੀ) ਫਿਰੋਜ਼ਪਰ ਨੂੰ ਮੋਕਾ ਤੇ ਬੁਲਾਇਆ ਜਿਹਨਾਂ ਦੀ ਅਗਵਾਹੀ ਹੇਠ ਦੋਸ਼ੀਆਨ ਵਿਕਰਮ, ਅਰੁਨ ਭੱਟੀ ਅਤੇ ਬਲਵਿੰਦਰ

ਸਿੰਘ ਉਕਤਾਨ ਦੀ ਨਿਸ਼ਾਨਦੇਹੀ ਪਰ ਇਹਨਾ ਵਲੋ ਲੁਕਾ ਛੁਪਾ ਕੇ ਰੱਖੀ ਹੈਰੋਇਨ ਦੇ ਪੈਕਟ **ਦੋਸ਼ੀ ਵਿਕਰਮ ਉਕਤ ਵਲੋ ਆਪਣੇ ਮਕਾਨ ਪਿੰਡ ਬਾਰੇ ਕੇ** ਵਿੱਚੋ 02 ਕਿਲੋ ਹੈਰੋਇਨ, **ਦੋਸ਼ੀ ਅਰੁਣ ਭੱਟੀ** ਨੇ ਆਪਣੇ **ਘਰ** ਪਿੰਡ ਬਾਰੇ ਕੇ **ਵਿੱਚੋ** 02 ਕਿਲੋ ਹੈਰੋਇਨ ਅਤੇ ਦੋਸ਼ੀ ਬਲਵਿੰਦਰ ਸਿੰਘ ਉਕਤ **ਵਲੋ ਕੱਚੀ ਗੰਗ ਨਹਿਰ ਦੀ ਪੱਟੜੀ** ਤੋ 01 ਕਿਲੋ ਹੈਰੋਇਨ (ਤਿੰਨਾਂ ਦੋਸ਼ੀਆਨ ਪਾਸੋਂ ਕੁੱਲ 05 ਕਿੱਲੋ ਹੈਰੋਇਨ) ਬ੍ਰਾਮਦ ਕੀਤੀ ਗਈ।

ਇਸ ਤੋਂ ਇਲਾਵਾ ਦੋਰਾਨੇ ਪੁੱਛਗਿੱਛ ਦੋਸ਼ੀਆਨ ਨੇ ਇਹ ਵੀ ਦੱਸਿਆ ਕਿ ਉਹਨਾ ਵਲੋ ਪਾਕਿਸਤਾਨ ਦੀ ਤਰਫੋ ਮੰਗਵਾਈ ਹੈਰੋਇਨ ਉਹਨਾ ਨੇ ਜਿਲਾ ਪੁਲਿਸ ਵਲੋ 26 ਜਨਵਰੀ ਕਰਕੇ ਵਧਾਈ ਗਈ ਚੋਕਸੀ ਨਾਕਾਬੰਦੀਆ/ਸਰਹੱਦੀ ਪਿੰਡਾ ਦੀ ਸਰਚਾ/ਗਸ਼ਤਾ ਤੋ ਡਰਦੇ ਹੋਏ ਲੁਕਾ ਛੁਪਾ ਕੇ ਰੱਖੀ ਸੀ ਜੋ ਉਹਨਾ ਨੇ ਪੁਲਿਸ ਦੀ ਚੈਕਿੰਗ ਘੱਟ ਹੋਣ ਤੇ ਅੱਗੇ ਸਪਲਾਈ ਕਰਨੀ ਸੀ। ਦੋਸ਼ੀਆਨ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ, ਜਿਨਾ ਪਾਸੋ ਹੋਰ ਵੀ ਬ੍ਰਾਮਦਗੀ ਹੋਣ ਦੀ ਆਸ ਹੈ।

**ਮੁਕੱਦਮਾ ਨੰਬਰ 18 ਮਿਤੀ 25-01-2022 ਅ/ਧ 379,411,420,473,489A,489B,489C IPC, 21/23 ਐਨ.ਡੀ.ਪੀ.ਐਸ ਐਕਟ, 25 ਅਸਲਾ ਐਕਟ ਥਾਣਾ ਸਦਰ ਫਿਰੋਜਪੁਰ**

ਦੋਸ਼ੀਆਨ ਦਾ ਨਾਮ:-

1. ਵਿਕਰਮ (ਉਮਰ ਕਰੀਬ 19 ਸਾਲ) ਪੁੱਤਰ ਟੇਕ ਚੰਦ — **(ਗ੍ਰਿਫ: 25-01-22)**
2. ਅਰੁਨ ਭੱਟੀ (ਉਮਰ 18/19 ਸਾਲ) ਪੁਤਰ ਮੰਗਲ ਸਿੰਘ — **(ਗ੍ਰਿਫ: 25-01-22)**
   ਵਾਸੀਆਨ ਪਿੰਡ ਬਾਰੇ ਕੇ
3. ਬਲਵਿੰਦਰ ਸਿੰਘ ਉਰਫ ਵਿੰਦੀ ਪੁੱਤਰ ਦਰਸ਼ਨ ਸਿੰਘ — **(ਗ੍ਰਿਫ: 27-01-22)**
   ਵਾਸੀ ਪਿੰਡ ਸੱਦੂ ਸ਼ਾਹ ਵਾਲਾ
4. ਟੇਕ ਚੰਦ ਪੁੱਤਰ ਗੁਲਜਾਰ ਵਾਸੀ ਪਿੰਡ ਬਾਰੇ ਕੇ — **(ਗ੍ਰਿਫਤਾਰੀ ਬਾਕੀ)**

**ਬ੍ਰਾਮਦਗੀ :** 05 ਕਿੱਲੋ ਹੈਰੋਇਨ